FACTSHEET

NSW ਸਿੱਖਿਆ ਵਿਭਾਗ

Student use of mobile phones in schools

Information for parents and carers

# ਸਕੂਲਾਂ ਵਿੱਚ ਵਿਦਿਆਰਥੀਆਂ ਦੁਆਰਾ ਮੋਬਾਈਲ ਫ਼ੋਨਾਂ ਦੀ ਵਰਤੋਂ

## ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਜਾਣਕਾਰੀ

### ਹਾਈ ਸਕੂਲਾਂ ਵਿੱਚ ਮੋਬਾਈਲ ਫ਼ੋਨਾਂ 'ਤੇ ਪਾਬੰਦੀ ਹੁਣ ਲਾਗੂ ਹੈ

ਹਾਈ ਸਕੂਲਾਂ ਵਿੱਚ ਮੋਬਾਈਲ ਫ਼ੋਨਾਂ ਦੀ ਵਰਤੋਂ 'ਤੇ ਪਾਬੰਦੀ NSW ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪਹਿਲਾਂ ਤੋਂ ਲਾਗੂ ਪਾਬੰਦੀ 'ਤੇ ਆਧਾਰਿਤ ਹੈ।

ਇਹ ਪਾਬੰਦੀ ਜਮਾਤ ਦੇ ਦੌਰਾਨ, ਅੱਧੀ ਛੁੱਟੀ ਦੇ ਸਮੇਂ ਅਤੇ ਦੁਪਹਿਰ ਦੇ ਖਾਣੇ 'ਤੇ ਲਾਗੂ ਹੁੰਦੀ ਹੈ। ਵਿਦਿਆਰਥੀਆਂ ਨੂੰ ਸਕੂਲ ਆਉਣ-ਜਾਣ ਦੌਰਾਨ ਫ਼ੋਨ ਕੋਲ ਰੱਖਣ ਦੀ ਆਗਿਆ ਹੈ।

ਮੁੱਖ-ਅਧਿਆਪਕ ਅਤੇ ਅਧਿਆਪਕ ਵਿਦਿਅਕ ਉਦੇਸ਼ਾਂ ਲਈ ਜਾਂ ਵਿਦਿਆਰਥੀ ਦੀ ਸਿੱਖਿਆ ਅਤੇ ਭਲਾਈ ਲਈ ਵਾਜਬ ਹਾਲਾਤਾਂ ਦੇ ਹਿੱਸੇ ਵਜੋਂ ਮੋਬਾਈਲ ਫ਼ੋਨਾਂ ਦੀ ਵਰਤੋਂ ਕਰਨ ਦੀ ਆਗਿਆ ਵੀ ਦੇ ਸਕਦੇ ਹਨ।

ਪਾਬੰਦੀ ਲਾਗੂ ਕਰਨ ਵਿੱਚ ਸਹਿਯੋਗ ਕਰਨ ਲਈ, NSW ਸਿੱਖਿਆ ਵਿਭਾਗ ਨੇ ਸਕੂਲਾਂ ਨੂੰ ਪਾਬੰਦੀ ਲਾਗੂ ਕਰਨ ਦੇ ਕਈ ਤਰ੍ਹਾਂ ਦੇ ਵਿਕਲਪਾਂ ਬਾਰੇ ਆਪਣੇ ਸਥਾਨਕ ਭਾਈਚਾਰਿਆਂ ਨਾਲ ਸਲਾਹ-ਮਸ਼ਵਰਾ ਕਰਨ ਲਈ ਕਿਹਾ ਸੀ।

ਇਹਨਾਂ ਵਿਕਲਪਾਂ ਵਿੱਚ ਸ਼ਾਮਲ ਸਨ:

**ਬੰਦ ਅਤੇ ਦੂਰ:** ਫ਼ੋਨ ਬੰਦ ਕਰ ਦਿੱਤੇ ਜਾਂਦੇ ਹਨ ਅਤੇ ਦੂਰ ਰੱਖ ਦਿੱਤੇ ਜਾਂਦੇ ਹਨ (ਆਮ ਤੌਰ 'ਤੇ ਵਿਦਿਆਰਥੀ ਦੇ ਸਕੂਲ ਵਾਲੇ ਬਸਤੇ ਵਿੱਚ)। ਸਕੂਲ ਦੇ ਸਮੇਂ ਦੌਰਾਨ ਫ਼ੋਨਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ।

**ਲੌਕਰਾਂ ਵਿੱਚ ਫੋਨ:** ਵਿਦਿਆਰਥੀ ਫ਼ੋਨ ਨੂੰ ਆਪਣੇ ਕੋਲ ਨਹੀਂ ਰੱਖਦੇ; ਉਨ੍ਹਾਂ ਨੂੰ ਸਕੂਲ ਦੇ ਸਮੇਂ ਦੌਰਾਨ ਇਸ ਨੂੰ ਲੌਕਰ ਵਿੱਚ ਰੱਖਣਾ ਲਾਜ਼ਮੀ ਹੈ।

**ਤਾਲੇ ਵਾਲੀ ਫ਼ੋਨ ਥੈਲੀ:** ਵਿਦਿਆਰਥੀ ਆਪਣੇ ਫ਼ੋਨ ਨੂੰ ਚੁੰਬਕ ਨਾਲ ਬੰਦ ਹੁੰਦੀ ਥੈਲੀ ਵਿੱਚ ਰੱਖਦੇ ਹਨ ਅਤੇ ਸਕੂਲ ਦੇ ਸਮੇਂ ਦੌਰਾਨ ਆਪਣੇ ਫ਼ੋਨ ਦੀ ਵਰਤੋਂ ਨਹੀਂ ਕਰ ਸਕਦੇ ਹਨ। ਸਕੂਲ ਦੇ ਅੰਤ 'ਤੇ ਥੈਲੀਆਂ ਨੂੰ ਚੁੰਬਕੀ ਤੌਰ 'ਤੇ ਖੋਲ੍ਹਿਆ ਜਾਂਦਾ ਹੈ।

**ਫ਼ੋਨ ਮੂਹਰਲੇ ਦਫ਼ਤਰ ਵਿੱਚ ਜਮ੍ਹਾਂ ਕੀਤੇ ਜਾਂਦੇ ਹਨ:** ਵਿਦਿਆਰਥੀ ਸਕੂਲ ਦੀ ਸ਼ੁਰੂਆਤ 'ਤੇ ਸਕੂਲ ਦੇ ਮੂਹਰਲੇ ਦਫ਼ਤਰ ਵਿਚ ਆਪਣਾ ਫੋਨ ਜਮ੍ਹਾਂ ਕਰਦੇ ਹਨ ਅਤੇ ਸਕੂਲ ਦੇ ਅੰਤ 'ਤੇ (ਜਾਂ ਸਕੂਲ ਤੋਂ ਬਾਹਰ ਨਿਕਲਦੇ ਸਮੇਂ) ਇਸ ਨੂੰ ਵਾਪਸ ਲੈ ਲੈਂਦੇ ਹਨ।

**ਪੀਰੀਅਡ ਦੀ ਸ਼ੁਰੂਆਤ ਵਿੱਚ ਫ਼ੋਨ ਇਕੱਠੇ ਕੀਤੇ ਜਾਂਦੇ ਹਨ:** ਪੀਰੀਅਡ ਦੀ ਸ਼ੁਰੂਆਤ ਵਿੱਚ ਅਧਿਆਪਕ ਦੁਆਰਾ ਫ਼ੋਨ ਇਕੱਠੇ ਕੀਤੇ ਜਾਂਦੇ ਹਨ ਅਤੇ ਸੰਭਾਲ ਕੇ ਰੱਖੇ ਜਾਂਦੇ ਹਨ, ਅਤੇ ਪੀਰੀਅਡ ਖ਼ਤਮ ਹੋਣ ਤੋਂ ਬਾਅਦ ਅਤੇ/ਜਾਂ ਜਦੋਂ ਵਿਦਿਆਰਥੀ ਜਮਾਤ ਦੇ ਕਮਰੇ ਤੋਂ ਬਾਹਰ ਨਿਕਲ ਰਿਹਾ ਹੁੰਦਾ ਹੈ ਤਾਂ ਵਿਦਿਆਰਥੀ ਨੂੰ ਫ਼ੋਨ ਵਾਪਸ ਕਰ ਦਿੱਤਾ ਜਾਂਦਾ ਹੈ।

ਹਰੇਕ ਸਕੂਲ ਭਾਈਚਾਰੇ ਨੇ ਆਪਣਾ ਫ਼ੈਸਲਾ ਲਿਆ ਹੈ ਕਿ ਉਹ ਨੀਤੀ ਨੂੰ ਲਾਗੂ ਕਰਨ ਲਈ ਕਿਹੜਾ ਵਿਕਲਪ ਅਪਣਾਉਣਗੇ।

### ਸਕੂਲ ਦੇ ਸਮੇਂ ਦੌਰਾਨ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨਾਲ ਵਿਦਿਆਰਥੀ ਦੀ ਗੱਲਬਾਤ

ਕੁੱਝ ਅਜਿਹੇ ਸਮੇਂ ਹੋ ਸਕਦੇ ਹਨ ਜਦੋਂ ਮਾਪਿਆਂ ਜਾਂ ਸੰਭਾਲ ਕਰਨ ਵਾਲਿਆਂ ਨੂੰ ਸਕੂਲ ਦੇ ਦੌਰਾਨ ਵਿਦਿਆਰਥੀਆਂ ਨਾਲ ਸੰਪਰਕ ਕਰਨ ਦੀ ਲੋੜ ਹੁੰਦੀ ਹੈ ਜਾਂ ਇਸ ਦੇ ਉਲਟ ਵਿਦਿਆਰਥੀਆਂ ਨੂੰ ਸੰਪਰਕ ਕਰਨ ਦੀ ਲੋੜ ਹੁੰਦੀ ਹੈ। ਮਾਪੇ ਅਤੇ ਸੰਭਾਲ ਕਰਨ ਵਾਲੇ ਸਕੂਲ ਦੇ ਦਫ਼ਤਰ ਰਾਹੀਂ ਸਕੂਲ ਨਾਲ ਸੰਪਰਕ ਕਰ ਸਕਦੇ ਹਨ ਅਤੇ ਜੇ ਜ਼ਰੂਰੀ ਹੋਵੇ ਤਾਂ ਵਿਦਿਆਰਥੀ ਸਕੂਲ ਦੇ ਦਫ਼ਤਰ ਰਾਹੀਂ ਮਾਪਿਆਂ ਜਾਂ ਸੰਭਾਲ ਕਰਨ ਵਾਲਿਆਂ ਨਾਲ ਵੀ ਸੰਪਰਕ ਕਰ ਸਕਣਗੇ।

### ਟੈਲੀਫੋਨ ਦੁਭਾਸ਼ੀਆ ਸੇਵਾ

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਕੂਲ ਨੂੰ ਫ਼ੋਨ ਕਰੋ। ਜੇ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਸਹਾਇਤਾ ਲਈ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ 131 450 ‘ਤੇ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਾਲੇ ਦੁਭਾਸ਼ੀਏ ਦੀ ਮੰਗ ਕਰੋ।

ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ ਅਤੇ ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਲਾਈਨ ‘ਤੇ ਦੁਭਾਸ਼ੀਏ ਨੂੰ ਲਿਆਵੇਗਾ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।

NSW GOVERNMENT